ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1 | Jan.-Mar. 2026
ISSN: 2583-9446 (O)
Paper Published Id: ARMN040125
Available online at: www.armaan.org.in
DOI: https://doi.org/10.64119/armaan.vol.4.issue1.25

# 'ਝਨਾਂ ਦੇ ਪਾਣੀ' ਨਾਟਕ ਦੀਆਂ ਨਾਟ-ਜੁਗਤਾਂ

# 'Jhanan De Paani' Natak Dian Naat-Jugtaan

**ਪ੍ਰੋ. ਰਾਜਵਿੰਦਰ ਕੌਰ (Rajwinder Kaur)**
ਸਹਾਇਕ ਪ੍ਰੋਫੈਸਰ, ਪੰਜਾਬੀ (Assistant Professor, Punjabi)
ਪੰਜਾਬੀ ਯੂਨੀਵਰਸਿਟੀ ਬਾਬਾ ਜੋਗੀਪੀਰ ਨੇਬਰਹੁੱਡ ਕੈਂਪਸ, ਰੱਲਾ, ਮਾਨਸਾ (ਪੰਜਾਬ)
Email ID: rajwinderkaur3877@gmail.com ਮੋਬਾਈਲ: +91-95011-43052

**ਸਾਰ (Abstract)**

*ਅਜਮੇਰ ਸਿੰਘ ਔਲਖ ਪੰਜਾਬੀ ਨਾਟ-ਜਗਤ ਦਾ ਉਹ ਸਿਰਕੱਢ ਨਾਂ ਹੈ, ਜਿਸ ਨੇ ਮਲਵਈ ਪੇਂਡੂ ਰਹਿਤਲ ਅਤੇ ਨਿਮਨ ਕਿਸਾਨੀ ਦੇ ਦਰਦਨਾਕ ਜੀਵਨ-ਯਥਾਰਥ ਨੂੰ ਬੜੀ ਸੁਹਿਰਦਤਾ ਨਾਲ ਚਿਤਰਿਆ ਹੈ। ਔਲਖ ਦੇ ਨਾਟਕ ਮਹਿਜ਼ ਆਰਥਿਕ ਤੰਗੀ ਦੀ ਦਾਸਤਾਨ ਨਹੀਂ, ਸਗੋਂ ਸਾਧਾਰਨ ਤੋਂ ਜਟਿਲ ਹੁੰਦੇ ਮਾਨਵੀ ਰਿਸ਼ਤਿਆਂ ਅਤੇ ਔਰਤ ਦੀ ਤ੍ਰਾਸਦਿਕ ਹੋਣੀ ਦਾ ਗਹਿਰਾ ਦਸਤਾਵੇਜ਼ ਹਨ। 1978 ਵਿੱਚ 'ਅਰਬਦ ਨਰਬਦ ਧੁੰਦੂਕਾਰਾ' ਰਾਹੀਂ ਨਾਟ-ਖੇਤਰ ਵਿੱਚ ਪ੍ਰਵੇਸ਼ ਕਰਨ ਵਾਲੇ ਇਸ ਨਾਟਕਕਾਰ ਨੇ 'ਝਨਾਂ ਦੇ ਪਾਣੀ' (1997) ਵਰਗੇ ਨਾਟਕਾਂ ਰਾਹੀਂ ਮਨੁੱਖੀ ਵੇਦਨਾ ਦੀ ਭਾਵੁਕ ਤਸਵੀਰ ਪੇਸ਼ ਕੀਤੀ ਹੈ। ਯਥਾਰਥਵਾਦੀ ਨਾਟ-ਸ਼ੈਲੀ ਦਾ ਧਾਰਨੀ ਹੋਣ ਕਰਕੇ ਔਲਖ ਦੀ ਰੰਗਮੰਚੀ ਪੇਸ਼ਕਾਰੀ ਜੀਵਨ ਦੇ ਬੇਹੱਦ ਕਰੀਬ ਹੈ। ਹਥਲੇ ਖੋਜ-ਪੱਤਰ ਵਿੱਚ ਇਹ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਔਲਖ ਨੇ ਨਿਮਨ ਕਿਸਾਨੀ ਦੇ 'ਸੇਕ' ਨੂੰ ਆਪਣੇ ਪਿੰਡੇ 'ਤੇ ਹੰਢਾ ਕੇ, ਬੇਜ਼ਮੀਨੇ ਅਤੇ ਆਰਥਿਕ ਸੰਤਾਪ ਭੋਗਦੇ ਕਿਸਾਨੀ ਜੀਵਨ ਨੂੰ ਵਿਭਿੰਨ ਨਾਟ-ਜੁਗਤਾਂ ਰਾਹੀਂ ਪ੍ਰਮਾਣਿਕ ਰੂਪ ਵਿੱਚ ਰੂਪਮਾਨ ਕੀਤਾ ਹੈ।*

*ਕੀਵਰਡ (Keyword): ਨਾਟਕ, ਝਨਾਂ ਦੇ ਪਾਣੀ, ਨਿਮਨ ਕਿਸਾਨੀ, ਮਾਨਵੀ ਰਿਸ਼ਤੇ, ਆਰਥਿਕ ਸੰਤਾਪ, ਔਰਤ ਤ੍ਰਾਸਦੀ, ਰੰਗਮੰਚੀ ਪੇਸ਼ਕਾਰੀ, ਯਥਾਰਥ।*

'ਝਨਾਂ ਦੇ ਪਾਣੀ' ਨਾਟਕ ਦਾ ਨਾਇਕ 'ਭੰਤੀ' ਜੱਟ ਹੋਣ ਦੇ ਬਾਵਜੂਦ ਜ਼ਮੀਨ ਵਿਹੂਣਾ ਅਤੇ ਬੇਜ਼ਮੀਨੀ ਕਿਸਾਨੀ ਦੇ ਸੰਤਾਪ ਦਾ ਪ੍ਰਤੀਕ ਹੈ। ਆਪਣੀ ਜ਼ਮੀਨ ਨਸ਼ਿਆਂ ਅਤੇ ਵੈਲ-ਪੁਣੇ ਦੀ ਭੇਟ ਚੜ੍ਹਾਉਣ ਤੋਂ ਬਾਅਦ, ਉਹ ਆਰਥਿਕ ਅਤੇ ਮਾਨਸਿਕ ਤੌਰ 'ਤੇ ਟੁੱਟ ਚੁੱਕਾ ਹੈ। ਉਸ ਦੀ ਮਾਂ ਉਸ ਦੇ ਵਿਆਹ ਦੀ ਸੱਧਰ ਦਿਲ ਵਿੱਚ ਲਏ ਹੀ ਦੁਨੀਆ ਤੋਂ ਰੁਖ਼ਸਤ ਹੋ ਜਾਂਦੀ ਹੈ, ਜਦਕਿ ਭੈਣ ਦੇ ਵਿਆਹ ਦਾ ਕਰਜ਼ਾ ਅਜੇ ਵੀ ਉਸ ਦੇ ਸਿਰ 'ਤੇ ਭਾਰੀ ਹੈ। ਇਸੇ ਕਰਜ਼ੇ ਅਤੇ ਗਰੀਬੀ ਕਾਰਨ ਉਹ ਜੱਗੇ-ਜੁਗਤੀ ਦੀਆਂ ਭੇਡਾਂ ਅੱਧਿਆਰੇ (ਹਿੱਸੇ) 'ਤੇ ਪਾਲਣ ਲਈ ਮਜਬੂਰ ਹੈ। ਭੰਤੀ ਆਪਣੀ ਇਕੱਲਤਾ ਨੂੰ ਖ਼ਤਮ ਕਰਨ ਲਈ ਬਿਹਾਰ ਤੋਂ 'ਗੰਗਾ' ਨੂੰ ਖ਼ਰੀਦ ਕੇ ਲਿਆਉਂਦਾ ਹੈ, ਜਿਸ ਨਾਲ ਉਸ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਜਾਂਦੀ ਹੈ। ਜਦੋਂ ਕਰਜ਼ਾ ਮੋੜਨਾ ਅਸੰਭਵ ਹੋ ਜਾਂਦਾ ਹੈ, ਤਾਂ ਉਹ ਮਨੁੱਖੀ ਰਿਸ਼ਤਿਆਂ ਦੀ ਮਰਿਆਦਾ ਨੂੰ ਛਿੱਕੇ ਟੰਗ ਕੇ ਆਪਣੀ ਪਤਨੀ ਗੰਗਾ ਨੂੰ ਹੀ ਇਕ ਵਸਤੂ ਵਾਂਗ ਵੇਚ ਦਿੰਦਾ ਹੈ। ਗੰਗਾ ਦੀ ਤ੍ਰਾਸਦੀ ਇਹ ਹੈ ਕਿ ਉਹ ਕਿਸੇ ਪਸ਼ੂ ਵਾਂਗ ਤਿੰਨ ਵਾਰ ਅੱਗੇ ਵੇਚੀ ਜਾਂਦੀ ਹੈ। ਪਰ ਨਾਟਕ ਦੇ ਅੰਤ ਵਿੱਚ ਗੰਗਾ ਮਹਿਜ਼ ਇਕ ਪੀੜਤ ਔਰਤ ਨਹੀਂ ਰਹਿੰਦੀ, ਸਗੋਂ ਉਹ ਚੰਡੀ ਦਾ ਰੂਪ ਧਾਰ ਕੇ ਆਪਣੀ ਸਿਦਕ ਦਿਲੀ, ਮਾਨਸਿਕ ਦ੍ਰਿੜ੍ਹਤਾ ਅਤੇ ਪਰਪੱਕਤਾ ਰਾਹੀਂ ਸਮਾਜਿਕ ਜਬਰ ਦਾ ਟਾਕਰਾ ਕਰਦੀ ਹੈ।

**ਨਾਟ-ਜੁਗਤਾਂ: -**

ਨਾਟਕ ਸਾਹਿਤ ਦਾ ਅਜਿਹਾ ਰੂਪ ਹੈ ਜਿਹੜਾ ਸਿੱਧੇ ਤੌਰ 'ਤੇ ਦਰਸ਼ਕ ਨਾਲ ਜੁੜਿਆ ਹੁੰਦਾ ਹੈ। ਨਾਟਕ ਦੂਹਰੇ ਚਰਿੱਤਰ ਵਾਲਾ ਸਾਹਿਤ ਰੂਪ ਹੈ। ਨਾਟਕ ਦਾ ਸਾਹਿਤਕ ਪਾਠ ਇਸ ਨੂੰ ਲਿਖਤ-ਪਾਠ ਨਾਲ ਜੋੜਦਾ ਹੈ ਅਤੇ ਜੋ ਰੰਗਮੰਚ ਉੱਤੇ ਸਾਕਾਰ ਕੀਤਾ ਜਾਂਦਾ ਹੈ। ਉਹ ਨਾਟਕ ਨੂੰ ਖੇਡ-ਪਾਠ ਨਾਲ ਜੋੜਦਾ ਹੈ। ਨਾਟਕ ਦੇ ਸੰਚਾਰ ਲਈ ਬਹੁਤ ਸਾਰੀਆਂ ਜੁਗਤਾਂ ਵਿਕਸਿਤ ਹੋਈਆਂ ਹਨ। ਜਦੋਂ ਨਾਟਕ ਦੀ ਸਿਰਜਣਾ ਕੀਤੀ ਜਾਂਦੀ ਹੈ ਤਾਂ ਨਾਟ-ਵਸਤੂ ਦੀ ਉਸਾਰੀ ਲਈ ਸਿਰਜੇ ਜਾ ਰਹੇ ਨਾਟ-ਰੂਪ ਦੇ ਸੰਚਾਰ ਹਿਤ ਨਾਟਕਕਾਰ ਵੱਖ-ਵੱਖ ਨਾਟ-ਜੁਗਤਾਂ ਦੀ ਵਰਤੋਂ ਕਰਦਾ ਹੈ। ਇਹ ਨਾਟ-ਜੁਗਤਾਂ ਨਾਟ-ਰੂਪਾਂ ਦੇ ਵੱਖ-ਵੱਖ ਜੁਜ਼ਾਂ ਤੇ ਨਾਟ-ਸ਼ੈਲੀਆਂ ਵਿਚੋਂ ਨਿੱਤਰ ਕੇ ਆਈਆਂ ਹਨ ਅਤੇ ਆਪਣੀ ਸੁਤੰਤਰ ਹੋਂਦ ਬਣਾ ਚੁੱਕੀਆਂ ਹੁੰਦੀਆਂ ਹਨ। ਨਾਟ-ਜੁਗਤਾਂ ਤੋਂ ਭਾਵ ਉਸ ਯੋਜਨਾ ਤੋਂ ਲਿਆ ਜਾਂਦਾ ਹੈ ਜਿਸ ਰਾਹੀ ਸੰਬੰਧਿਤ ਨਾਟ-ਵਸਤੂ ਨੂੰ ਪ੍ਰਗਟਾਇਆ ਜਾਂਦਾ ਹੈ। ਯੋਜਨਾ ਨੇਮ-ਪ੍ਰਬੰਧ ਵਜੋਂ ਕਾਰਜਸ਼ੀਲ ਹੁੰਦੀ ਹੈ, ਜਿਸ ਅਧੀਨ ਨਾਟਕੀ ਤੱਤਾਂ ਨੂੰ ਸੰਗਠਿਤ ਕਰਕੇ ਨਾਟ-ਸੰਚਾਰ ਦੀਆਂ ਸੰਭਾਵਨਾਵਾਂ ਸਮੇਤ ਨਾਟਕ ਦੇ ਰੂਪ ਨੂੰ ਨਿਰਧਾਰਿਤ ਕੀਤਾ ਜਾਂਦਾ ਹੈ। ਜੁਗਤਾਂ ਸਾਂਝੀਆਂ ਹੁੰਦੀਆਂ ਹਨ, ਪਰ ਇਹਨਾਂ ਦੀ ਵਰਤੋਂ ਹਰ ਨਾਟਕਕਾਰ ਆਪਣੇ ਢੰਗ ਨਾਲ ਕਰਦਾ ਹੈ। ਨਾਟ-ਜੁਗਤਾਂ ਦੇ ਪ੍ਰਸੰਗ ਵਿੱਚ ਨਾਟ-ਜੁਗਤਾਂ ਇਕ ਤੋਂ ਵੱਧ ਹੋ ਸਕਦੀਆਂ ਹਨ। ਇਹਨਾਂ ਜੁਗਤਾਂ ਦੀ ਨਿਵੇਕਲੀ ਵਰਤੋਂ ਅਤੇ ਇਹਨਾਂ ਦੇ ਅੰਤਰ-ਸਬੰਧ ਹੀ ਇੱਕ ਸੰਰਚਨਾ ਨੂੰ ਦੂਜੀ ਨਾਲੋਂ ਅਤੇ ਇਕ ਨਾਟਕਕਾਰ ਨੂੰ ਦੂਜੇ ਨਾਟਕਕਾਰ ਤੋਂ ਵਖਰਿਆਉਣ ਦੇ ਨਾਲ-ਨਾਲ ਨਿਵੇਕਲਾ ਸਰੂਪ ਪ੍ਰਦਾਨ ਕਰਦੇ ਹਨ। ਇਸ ਪ੍ਰਕਿਰਿਆ ਨੂੰ ਤਕਨੀਕ ਦਾ ਨਾਂ ਦਿੱਤਾ ਜਾ ਸਕਦਾ ਹੈ।

> *"ਤਕਨੀਕ (Technique) ਇੱਕ ਬਹੁ-ਪਾਸਾਰੀ ਤੇ ਬਹੁ-ਦਿਸ਼ਾਵੀ ਸੰਕਲਪ ਹੈ। ਜਿਸ ਦੇ ਸ਼ਾਬਦਿਕ ਅਰਥ-ਕਾਰੀਗਰੀ, ਮੁਹਾਰਤ, ਜੁਗਤ, ਢੰਗ, ਵਿਧੀ।"[1]*

**ਕਥਾਨਕ ਜੁਗਤਾਂ:-**

ਕਿਸੇ ਨਾਟ -ਸੰਗਠਨ ਦਾ ਮੁੱਢਲਾ ਤੱਤ ਕਥਾਨਕ ਹੁੰਦਾ ਹੈ। ਕਥਾਨਕ ਕਿਸੇ ਵੀ ਨਾਟਕ ਦੀ ਚੂਲ ਹੁੰਦਾ ਹੈ ਕਿਉਂਕਿ ਕਥਾਨਕ ਰਾਹੀਂ ਹੀ ਨਾਟ-ਵਸਤੂ ਦੀ ਉਸਾਰੀ ਹੁੰਦੀ ਹੈ। ਕਥਾਨਕ ਦਾ ਸਥਾਨ ਨਾਟਕ ਵਿੱਚ ਰੀੜ੍ਹ ਦੀ ਹੱਡੀ ਵਰਗਾ ਹੁੰਦਾ ਹੈ। ਕਥਾਨਕ ਦਾ ਸੰਬੰਧ ਘਟਨਾਵਾਂ ਦੀ ਕਾਰਜ-ਕਰਮ ਯੁਕਤ ਸੰਗਲੀ ਨਾਲ ਹੈ, ਜਿਸ ਨਾਲ ਘਟਨਾਵਾਂ ਵਿਚਲਾ ਤਾਰਕਿਕ ਰਿਸ਼ਤਾ ਸਪਸ਼ਟ ਹੁੰਦਾ ਹੈ। ਕਥਾਨਕ ਦਾ ਆਦਿ ਬਿੰਦੂ ਤਣਾਓ ਮੂਲਕ ਸਥਿਤੀਆਂ ਨਾਲ ਆਰੰਭ ਹੋ ਕੇ ਅੰਤ ’ਤੇ ਤਣਾਓ ਮੁਕਤ ਅਵਸਥਾ ਵਿੱਚ ਖ਼ਤਮ ਹੁੰਦਾ ਹੈ। ਕਥਾਨਕ ਉੱਤੇ ਹੀ ਨਾਟਕ ਦੀ ਰਚਨਾ ਨਿਰਧਾਰਿਤ ਹੁੰਦੀ ਹੈ। ਇੰਝ ਕਥਾਨਕ ਨਾਟ-ਵਸਤੂ ਨੂੰ ਨਾਟਕੀ ਕਾਰਜ ਵਿੱਚ ਢਾਲਣਾ ਹੈ ਤੇ ਨਾਟਕ ਨੂੰ ਗਤੀ ਪ੍ਰਦਾਨ ਕਰਨ ਲਈ ਨਾਟਕੀ ਟੱਕਰ ਨੂੰ ਸਿਰਜਦਾ ਹੈ।

*“ਅਸੀਂ ਇਸ ਸਥਿਤੀ ਨੂੰ ਪਹਿਲਾ ਸੰਕਟ ਕਹਿ ਸਕਦੇ ਹਾਂ। ਇਹ ਪਹਿਲਾ ਸੰਕਟ ਦੂਸਰੇ ਹੋਰ ਕਾਰਜਾਂ, ਘਟਨਾਵਾਂ ਅਤੇ ਪਾਤਰਾਂ ਦੇ ਰੂਪ ਪਰਿਵਰਤਨਾਂ ਨੂੰ ਸਿਰਜਦਾ ਹੈ। ਇਸ ਪ੍ਰਕਾਰ ਸਾਰਾ ਨਾਟਕ ਹੀ ਇਕ ਸੰਕਟ ਤੋਂ ਦੂਸਰੇ ਸੰਕਟ ਤੱਕ ਕਾਰਜਸ਼ੀਲ ਰਹਿੰਦਾ ਹੈ।”*[2]

**ਵਿਅੰਗ ਜੁਗਤ: -**

ਇਸ ਜੁਗਤ ਰਾਹੀਂ ਵਿਅੰਗ ਦੀ ਸੁਰ ਨੂੰ ਤਿੱਖਾ ਕੀਤਾ ਜਾਂਦਾ ਹੈ। ਵਿਅੰਗ ਤਨਜ਼ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਅੰਗਰੇਜ਼ੀ ਭਾਸ਼ਾ ਵਿੱਚ ਸਾਹਿਤ ਦਾ ਜਿਹੜਾ ਰੂਪ ‘ਸਟਾਇਰ’ (Satire) ਨਾਮ ਤੋਂ ਜਾਣਿਆ ਜਾਂਦਾ ਹੈ। ਸੰਸਕ੍ਰਿਤ ਵਿੱਚ ਵਿਅੰਜਨ ਸ਼ਕਤੀ ਦੁਆਰਾ ਪ੍ਰਾਪਤ, ਸਾਧਾਰਨ ਤੋਂ ਭਿੰਨ ਅਰਥ ਦੇ ਰੂਪ ਵਿੱਚ ਪ੍ਰਯੁਕਤ ਹੁੰਦਾ ਹੈ। ਪੰਜਾਬੀ ਵਿੱਚ ‘ਸਟਾਇਰ’ ਵਿਅੰਗ, ਮਜ਼ਾਕ, ਟਿੱਚਰ ਕਰਨਾ, ਨਿੰਦਾ ਭਰਿਆ, ਤਾਅਨਾ ਆਦਿ ਦੇ ਰੂਪ ਵਿੱਚ ਪ੍ਰਯੁਕਤ ਹੁੰਦਾ ਹੈ।

*“ਵਿਅੰਗ ਇੱਕ ਅਜਿਹੀ ਵਿਧੀ ਹੈ ਜਿਸ ਰਾਹੀਂ ਸਮਾਜ ਅਤੇ ਸਿਸਟਮ ਦੀਆਂ ਬੁਰਾਈਆਂ ਦਾ ਮਖ਼ੌਲ ਉਡਾਇਆ ਜਾਂਦਾ ਹੈ। ਇਸ ਵਿਧੀ ਰਾਹੀਂ ਲੇਖਕ ਵਿਵਸਥਾ ਦੇ ਕੁਹਜ ਅਤੇ ਕੁਰੀਤੀਆਂ ਬਾਰੇ ਸਰਲ ਸਪਸ਼ਟ ਭਾਸ਼ਾ ਵਿੱਚ ਗੱਲ ਨਹੀਂ ਕਰਦਾ ਸਗੋਂ ਵਕਰੋਕਤੀ ਦੇ ਅੰਦਾਜ਼ ਜਾਂ ਟੇਢੇ ਢੰਗ ਨਾਲ ਨਿੰਦਿਆਂ ਕਰਦਾ ਹੈ।”*[3]

ਇਸ ਨਾਟਕ ਵਿੱਚ ਜੱਗਾ-ਜੁਗਤੀ ਭੰਤੀ ਨੂੰ ਦਿੱਤੇ ਕਰਜ਼ੇ ਕਰਕੇ ਉਸ ਦੀ ਪਤਨੀ ਸਾਹਮਣੇ ਨੀਵਾਂ ਦਿਖਾਉਣ ਲਈ ਵਿਅੰਗ ਦੇ ਰੂਪ ਵਿੱਚ ਭੰਤੀ ਨੂੰ ਤਾਅਨੇ ਦਿੰਦਾ ਹੈ।

*“ਜੱਗਾ-ਜੁਗਤੀ: ਖੁੱਭਿਆ ਨੀ ਅਜੇ ਮਨ ਅਮਲੀ ਦੀ ਜਾਣ ਕੇ ‘ਝੁੱਪੜੀ’ ਸ਼ਬਦ ਨੂੰ ਦਬਾ ਕੇ ਬੋਲਦਾ ਝੌਂਪੜੀ 'ਚ?”*[4]

*“ਜੱਗਾ-ਜੁਗਤੀ: ਵਡੱਤਨੀ ਗੁੱਸੇ ਵਿੱਚ ਬੜਾ ਮਤਲਬਖੋਰ ਐਂ ਸਾਲਾ ਤਲੰਙਾ ਜਿਆ । ਨਾਲੇ ਰੁਪਈਏ ਚਲਾਈ ਬੈਠੈ, ਨਾਲੇ ਭੇਡਾਂ ਲਈਂ ਬੈਠੈ ; ਤੀਵੀਂ ਨੂੰ ਐਵੇਂ ਵੀ ਨੀ ਦੱਸਿਆ ਬਈ ਮੇਰਾ ਅੰਨ-ਦਾਤਾ ਕੌਣ ਐਂ। ਕੋਈ ਨੀ, ਦੇਖੂ ਮੈਂ ਉਹਨੂੰ!........ਓਇ ਹੁਣ ਉਜੜਿਆ ਕਿਹੜੇ ਪਾਸੇ ਐਂ?”*[5]

**ਪਿਛਲ-ਝਾਤ ਦੀ ਜੁਗਤ:-**

ਨਾਟਕ ਵਿੱਚ ਪਿਛਲ-ਝਾਤ ਦੀ ਦੀ ਜੁਗਤ ਮਹੱਤਵਪੂਰਨ ਸਥਾਨ ਰੱਖਦੀ ਹੈ। ਜਦੋਂ ਨਾਟਕਕਾਰ ਅਤੀਤ ਸਮੇਂ ਦੀ ਘਟਨਾ ਨੂੰ ਵਰਤਮਾਨ ਸਮੇਂ ਵਿੱਚ ਲਿਆਉਂਦਾ ਹੈ ਤਾਂ ਇਤਿਹਾਸੀਕਰਣ ਦੀ ਜੁਗਤ ਪ੍ਰਗਟ ਹੁੰਦੀ ਹੈ। ਇਸ ਜੁਗਤ ਅਧੀਨ ਨਾਟਕਕਾਰ ਨਾਟਕੀ ਕਥਾ ਨੂੰ ਅੱਧ-ਵਿਚਕਾਰ ਰੋਕ ਕੇ ਪਿਛਲੇ ਸਮੇਂ ਵਿੱਚ ਵਾਪਰੀ ਘਟਨਾ ਨੂੰ ਬਿਆਨ ਕਰਨ ਲੱਗ ਜਾਂਦਾ ਹੈ। ਪਾਤਰ ਨੂੰ ਅਤੀਤ ਵਿੱਚ ਲੈ ਜਾਂਦਾ ਹੈ ਤਾਂ ਇਸ ਜੁਗਤ ਦਾ ਪ੍ਰਯੋਗ ਕਰਦਾ ਹੈ। ਅਜਮੇਰ ਸਿੰਘ ਔਲਖ ਨੇ ਇਸ ਜੁਗਤ ਨੂੰ ਕਸਬੀ ਜੁਗਤ ਨਾਲ ਪੇਸ਼ ਕੀਤਾ ਹੈ । ਇਸ ਨਾਟਕ ਵਿੱਚ ਜੱਗਾ ਜੁਗਤੀ ਆਪਣੀ ਮਰ ਚੁੱਕੀ ਮਾਂ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦਾ ਹੈ।

**ਪਾਤਰ ਚਿਤਰਨ ਦੀ ਜੁਗਤ:-**

ਨਾਟਕ ਦੀ ਉਸਾਰੀ ਵਿੱਚ ਪਾਤਰਾਂ ਦਾ ਅਹਿਮ ਯੋਗਦਾਨ ਹੁੰਦਾ ਹੈ। ਇਸ ਵਿੱਚ ਨਾਟਕਕਾਰ ਪਾਤਰ ਨੂੰ ਉਸ ਦੇ ਕਾਰਜ ਰਾਹੀਂ ਸੰਪੂਰਨ ਵਿਅਕਤੀਤਵ ਪ੍ਰਦਾਨ ਕਰਦਾ ਹੈ। ਨਾਟਕ ਵਿੱਚ ਪਾਤਰ ਦਾ ਮਹੱਤਵ ਇਸ ਕਰਕੇ ਹੁੰਦਾ ਹੈ ਕਿ ਨਾਟਕ ਦੀ ਸਮੁੱਚੀ ਰਚਨਾ ਹੀ ਪਾਤਰਾਂ ਦੇ ਆਪਸੀ ਵਾਰਤਾਲਾਪ ਰਾਹੀਂ ਹੁੰਦੀ ਹੈ। ਪਾਤਰਾਂ ਨੇ ਮੰਚ ’ਤੇ ਜਾ ਕੇ ਜੀਵੰਤ ਰੂਪ ਧਾਰਨ ਕਰਨਾ ਹੁੰਦਾ ਹੈ। ਸਮਕਾਲੀ ਪੰਜਾਬੀ ਨਾਟਕ ਵਿੱਚ ਤੀਬਰਤਾ ਲਿਆਉਣ ਲਈ ਵਿਅਕਤੀ-ਪਾਤਰਾਂ ਨੂੰ ਨਾਟਕ ਵਿੱਚ ਸ਼ਾਮਲ ਕਰ ਲਿਆ ਜਾਂਦਾ ਹੈ। ਪਾਤਰ ਜੁਗਤਾਂ ਲਈ ਨਾਟਕਕਾਰ ਨੇ ਵਿਸ਼ੇਸ਼ ਪਾਤਰ ਜੁਗਤਾਂ ਦਾ ਪ੍ਰਯੋਗ ਕੀਤਾ ਹੈ।

**ਸਟਿੱਲ ਪਾਤਰ ਜੁਗਤ:-**

ਸਟਿੱਲ ਪਾਤਰ ਜੁਗਤ ਨਾਟਕ ਦੇ ਪ੍ਰਦਰਸ਼ਨੀ ਪੱਖ ਦਾ ਅਜਿਹਾ ਸ੍ਰੋਤ ਹੈ ਜਿਸ ਰਾਹੀਂ ਪਾਤਰ ਬਿਨਾਂ ਹਿਲਜੁਲ ਕੀਤਿਆਂ ਤੇ ਬਿਨਾਂ ਬੋਲਿਆ ਬਹੁਤ ਕੁੱਝ ਕਹਿ ਦਿੰਦੇ ਹਨ ਤੇ ਦਰਸ਼ਕ ਅਜਿਹੇ ਦ੍ਰਿਸ਼ ਦਾ ਅਰਥ ਗ੍ਰਹਿਣ ਕਰਦੇ ਹਨ। ਸਟਿੱਲ ਪਾਤਰ ਅਧੀਨ ਮੰਚ ’ਤੇ ਕੋਈ ਕਾਰਜ ਨਹੀਂ ਹੁੰਦਾ। ਪਾਤਰ ਬਿਨਾਂ ਕਿਸੇ ਹਰਕਤ ਦੇ ਅਹਿਲ ਰੂਪ ਵਿੱਚ ਖੜੇ ਰਹਿੰਦੇ ਹਨ। ਇਹੋ ਜਿਹੇ ਦ੍ਰਿਸ਼ ਵਿੱਚ ਪਾਤਰ ਇੱਕ ਖ਼ਾਸ ਮੁਦਰਾ ਵਿੱਚ ਖੜ੍ਹਾ ਰਹਿੰਦਾ ਹੈ। ਅਜਮੇਰ ਸਿੰਘ ਔਲਖ ਨੇ ਝਨਾਂ ਦੇ ਪਾਣੀ ਨਾਟਕ ਵਿੱਚ ਸਟਿੱਲ ਪਾਤਰ ਜੁਗਤ ਦਾ ਪ੍ਰਯੋਗ ਕੀਤਾ ਹੈ। ਜਿਸ ਵਿੱਚ ਸਾਰੇ ਪਾਤਰ ਸਟਿੱਲ ਅਵਸਥਾ ਵਿੱਚ ਨਜ਼ਰ ਆਉਂਦੇ ਹਨ।

*“ਭੰਤੀ ਕਿਸੇ ਅਚੇਤ ਭੈ ਕਾਰਨ ਤ੍ਰਭਕਦਾ ਹੈ। ਬਲਵੀਰੋ ਹੱਸਦੀ ਦਰਸ਼ਨ ਨੂੰ ਘੂਰਨ ਲੱਗਦੀ ਹੈ। ਗੰਗੋ ਨਾ-ਸਮਝੀ ਵਿੱਚ ਉਹਨਾਂ ਸਾਰਿਆ ਵੱਲ ਵੇਖਦੀ ਹੈ। ਆਪਣੀਆਂ-ਆਪਣੀਆਂ ਅਦਾਵਾਂ ਵਿੱਚ ਸਟਿੱਲ ਹੋ ਜਾਂਦੇ ਹਨ।”*[6]

*“ਸਾਰੇ ਪਾਤਰ ਸਟਿੱਲ ਹੋ ਜਾਂਦੇ ਹਨ। ਪਿੱਛੋਂ ਗੀਤ ਦੇ ਬੋਲ ਉਠਦੇ ਹਨ ਜੋ ਇੱਕ ਤਰ੍ਹਾਂ ਨਾਲ ਗੰਗੋ ਦੀ ਮਨੋ-ਭਾਵਨਾ ਨੂੰ ਪ੍ਰਗਟਾਉਂਦੇ ਹਨ।"*[7]

**ਕੇਂਦਰੀ ਪਾਤਰ:-**

ਕੇਂਦਰੀ ਪਾਤਰ ਨੂੰ ਅੰਗਰੇਜ਼ੀ ਵਿੱਚ ਪ੍ਰੋਟੈਗੋਨਿਸਟ ਕਿਹਾ ਜਾਂਦਾ ਹੈ। ਕੇਂਦਰੀ ਪਾਤਰ ਨਾਟਕ ਵਿੱਚ ਕਿਸੇ ਲਹਿਰ ਦੀ ਅਗਵਾਈ ਕਰਦਾ ਹੈ। ਕੇਂਦਰੀ ਪਾਤਰ ਹੀ

ਨਾਟਕ ਵਿੱਚ ਟੱਕਰ ਲੈਂਦਾ ਹੈ ਤੇ ਨਾਟਕ ਨੂੰ ਅੱਗੇ ਵਧਾਉਂਦਾ ਹੈ। ਕੇਂਦਰੀ ਪਾਤਰ ਆਪਣੀ ਸਥਿਤੀ ਬਾਰੇ ਚੇਤੰਨ ਹੁੰਦਾ ਹੈ। ਝਨਾਂ ਦੇ ਪਾਣੀ' ਨਾਟਕ ਵਿੱਚ ਸਾਰੀ ਕਹਾਣੀ ਗੰਗਾ ਦੁਆਲੇ ਘੁੰਮਦੀ ਹੈ। ਗੰਗਾ ਦੀ ਸਥਿਤੀ ਅਜਿਹੀ ਬਣ ਜਾਂਦੀ ਹੈ ਕਿ ਉਸ ਨੂੰ ਕੇਂਦਰੀ ਪਾਤਰ ਬਣਨਾ ਹੀ ਪੈਂਦਾ ਹੈ। ਉਸ ਦੇ ਅੰਦਰਲੇ ਤੇ ਬਾਹਰਲੇ ਹਾਲਾਤ ਗੰਗਾ ਨੂੰ ਕੇਂਦਰੀ ਪਾਤਰ ਬਣਨ ਲਈ ਮਜਬੂਰ ਕਰਦੇ ਹਨ।

**ਖਲ ਪਾਤਰ:-**

ਨਾਟਕ ਵਿੱਚ ਨਾਇਕ ਨਾਲ ਟੱਕਰ ਲੈਣ ਵਾਲੇ ਪਾਤਰ ਖਲਨਾਇਕ ਪਾਤਰ ਹੁੰਦੇ ਹਨ। ਕੇਂਦਰੀ ਪਾਤਰ ਦੀ ਵਿਰੋਧਤਾ ਕਰਨ ਵਾਲੇ ਪਾਤਰ ਨੂੰ ਐਂਟੈਗੋਨਿਸਟ ਕਿਹਾ ਜਾਂਦਾ ਹੈ। ਖਲ ਪਾਤਰ ਅਜਿਹਾ ਵਿਅਕਤੀ ਹੁੰਦਾ ਹੈ ਜਿਹੜਾ ਕੇਂਦਰੀ ਪਾਤਰ ਦੇ ਵਿਰੁੱਧ ਆਪਣੀ ਸਾਰੀ ਤਾਕਤ ਤੇ ਚਲਾਕੀ ਨੂੰ ਟੇਢੇ ਢੰਗ ਨਾਲ ਵਰਤਦਾ ਹੈ। ਖਲਨਾਇਕ ਪਾਤਰ ਦੀ ਜੁਗਤ ਨਾਲ ਨਾਟਕ ਵਿੱਚ ਉਤਸੁਕਤਾ ਬਣੀ ਰਹਿੰਦੀ ਹੈ। ਨਾਟਕ ਵਿੱਚ ਜੱਗਾ-ਜੁਗਤੀ ਦਾ ਕਿਰਦਾਰ ਖਲ ਪਾਤਰ ਵਾਲਾ ਹੈ।

**ਮੰਚ ਬਾਹਰੇ ਪਾਤਰ:-**

ਮੰਚ ਬਾਹਰੇ ਪਾਤਰ ਉਹ ਪਾਤਰ ਹਨ, ਜਿੰਨਾਂ ਪਾਤਰਾਂ ਦੀ ਭੂਮਿਕਾ ਮੰਚ ਤੋਂ ਬਾਹਰ ਹੁੰਦੀ ਹੈ। ਨਾਟਕਕਾਰ ਦਰਸ਼ਕਾਂ ਦੇ ਮਨਾਂ ਨੂੰ ਭੀੜ ਤੋਂ ਰਾਹਤ ਦੇਣ ਲਈ ਇਸ ਨਾਟਕੀ ਜੁਗਤ ਦੀ ਵਰਤੋਂ ਕਰਦਾ ਹੈ। ਅਜਿਹੀ ਜੁਗਤ ਦਾ ਪ੍ਰਯੋਗ ਧਾਰਮਿਕ ਨਾਟਕਾਂ ਵਿੱਚ ਕੀਤਾ ਜਾਂਦਾ ਸੀ, ਪ੍ਰੰਤੂ ਅਜਮੇਰ ਸਿੰਘ ਔਲਖ ਨੇ ਇਸ ਜੁਗਤ ਦਾ ਪ੍ਰਯੋਗ ਝਨਾਂ ਦੇ ਪਾਣੀ ਨਾਟਕ ਵਿੱਚ ਵੀ ਕੀਤਾ ਹੈ। ਭੰਤੀ ਦੀ ਮਾਂ ਤੇ ਭੈਣ ਮੰਚ ਤੇ ਨਹੀਂ ਆਉਂਦੀਆਂ, ਫਿਰ ਵੀ ਉਹਨਾਂ ਦਾ ਜ਼ਿਕਰ ਨਾਟਕ ਵਿੱਚ ਆਉਂਦਾ ਹੈ।

**ਸੂਤਰਧਾਰ:-**

ਸੂਤਰਧਾਰ ਅੰਗਰੇਜ਼ੀ ਦੇ ਸ਼ਬਦ Stagemanger/Director ਦਾ ਸਮਾਨਾਰਥੀ ਹੈ। ਨਾਟਕੀ ਕਥਾ ਦੀਆਂ ਤੰਦਾਂ ਨੂੰ ਜੋੜਨ ਅਤੇ ਅੱਗੇ ਤੋਰਨ ਵਿੱਚ ਸੂਤਰਧਾਰ ਦੀ ਭੂਮਿਕਾ ਬੜੀ ਅਹਿਮ ਹੁੰਦੀ ਹੈ। ਸੂਤਰਧਾਰ ਦਾ ਕੰਮ ਕੇਵਲ ਕਥਾ ਨੂੰ ਅੱਗੇ ਤੋਰਨ ਤੱਕ ਸੀਮਿਤ ਨਹੀਂ ਸਗੋਂ ਮੌਕੇ-ਬੇਮੌਕੇ ਨਾਟਕੀ ਸਥਿਤੀਆਂ ਤੇ ਪਾਤਰਾਂ ਦੇ ਵਿਵਹਾਰ ਤੇ ਟਿੱਪਣੀ ਕਰਨਾ ਵੀ ਹੈ। ਨਾਟਕਕਾਰ ਸੂਤਰਧਾਰ ਦੀ ਵਰਤੋਂ ਦਰਸ਼ਕਾਂ ਨੂੰ ਸੂਚਨਾ ਦੇਣ, ਚੱਲ ਰਹੇ ਕਾਰਜ 'ਤੇ ਟਿੱਪਣੀ ਕਰਨ ਅਤੇ ਆਉਣ ਵਾਲੀਆਂ ਘਟਨਾਵਾਂ ਦੀ ਭਵਿੱਖਬਾਣੀ ਕਰਨ ਲਈ ਕਰਦਾ ਹੈ। ਸੂਤਰਧਾਰ ਦੀ ਜੁਗਤ ਨੂੰ ਬਰੈਖ਼ਤ ਨੇ ਸੰਸਕ੍ਰਿਤ ਨਾਟਕਾਂ ਵਿੱਚੋਂ ਗ੍ਰਹਿਣ ਕਰਕੇ ਆਧੁਨਿਕ ਸੰਕਲਪ ਰਾਹੀਂ ਪੇਸ਼ ਕੀਤਾ ਹੈ। ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕ 'ਝਨਾਂ ਦੇ ਪਾਣੀ' ਵਿੱਚ ਸੂਤਰਧਾਰ ਦੀ ਵਰਤੋਂ ਅਰਜਨ ਫ਼ੌਜੀ ਦੀ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦਿਆਂ ਕੀਤੀ ਹੈ।

*"ਸੂਤਰਧਾਰ: ਅਰਜਨ ਡਰ ਨਾਲ ਬਾਹਰ ਵੱਲ ਦੇਖਦਾ ਹੈ। ਬਾਹਰੋਂ ਸਰਦਾਰਾ ਤੇ ਕਰਤਾਰਾ ਗੰਡਾਸੀ ਲਈ ਪੂਰੇ ਜ਼ੋਰ ਨਾਲ ਭੱਜੇ ਆਉਂਦੇ ਹਨ।"*[8]

**ਵਾਰਤਾਲਾਪ ਦੀ ਜੁਗਤ:-**

ਨਾਟਕ ਦੀ ਉਸਾਰੀ ਵਿੱਚ ਪਾਤਰਾਂ ਦਾ ਅਹਿਮ ਯੋਗਦਾਨ ਹੁੰਦਾ ਹੈ। ਪਾਤਰਾਂ ਨੇ ਮੰਚ 'ਤੇ ਜਾ ਕੇ ਜੀਵੰਤ ਰੂਪ ਧਾਰਨ ਕਰਨਾ ਹੁੰਦਾ ਹੈ। ਵਾਰਤਾਲਾਪ ਤੋਂ ਬਿਨਾਂ ਕਿਸੇ ਵੀ ਸਫਲ ਨਾਟਕੀ ਰਚਨਾ ਦੀ ਉਸਾਰੀ ਨਹੀਂ ਹੋ ਸਕਦੀ। ਵਾਰਤਾਲਾਪ ਹੀ ਨਾਵਾਂ, ਥਾਂਵਾਂ ਅਤੇ ਘਟਨਾਵਾਂ ਨੂੰ ਅਰਥ ਪ੍ਰਦਾਨ ਕਰਦੇ ਹਨ। ਨਾਟ-ਜੁਗਤਾਂ ਲਈ ਨਾਟਕਕਾਰ ਨੇ ਵਿਸ਼ੇਸ਼ ਵਾਰਤਾਲਾਪ ਪਾਤਰ ਜੁਗਤਾਂ ਦਾ ਪ੍ਰਯੋਗ ਕੀਤਾ ਹੈ। ਵਾਰਤਾਲਾਪ ਦੀ ਸਿਰਜਣਾ ਨਾਲ ਸਫਲ ਨਾਟਕ ਦੀ ਰਚਨਾ ਹੋ ਸਕਦੀ ਹੈ। ਵਾਰਤਾਲਾਪ ਹੀ ਨਾਟਕ ਹੁੰਦਾ ਹੈ ਕਿਉਂਕਿ ਵਾਰਤਾਲਾਪ ਸ਼ਬਦਾਂ ਦੀ ਲੀਲ੍ਹਾ ਹੈ। ਵਾਰਤਾਲਾਪ ਸਿਰਜਨਾ ਇੱਕ ਕਲਾ ਹੈ।

**ਲਿਖਤ ਵਿੱਚ ਬਿੰਦੀਆਂ ਦੀ ਵਰਤੋਂ ਰਾਹੀਂ ਵਾਰਤਾਲਾਪ:-**

ਨਾਟਕਕਾਰ ਸੰਚਾਰ-ਜੁਗਤ ਅਧੂਰੇ ਤੇ ਅਪੂਰਵ ਵਾਕਾਂ ਨੂੰ ਵੀ ਰਚਨਾਤਮਿਕ ਜੁਗਤ ਦੇ ਤੌਰ 'ਤੇ ਨਾਟਕੀ ਵਾਰਤਾਲਾਪ ਵਿੱਚ ਬਿੰਦੀਆਂ ਦੀ ਵਰਤੋਂ ਕਰਦਾ ਹੈ। ਅਜਿਹੇ ਵਾਰਤਾਲਾਪ ਪੂਰੇ ਨਹੀਂ ਹੁੰਦੇ ਪਰ ਫਿਰ ਵੀ ਦਰਸ਼ਕ ਅਜਿਹੇ ਵਾਰਤਾਲਾਪ ਦਾ ਅਰਥ ਸਮਝ ਜਾਂਦੇ ਹਨ।

"ਗੰਗਾ: ਤਕਲੀਫ਼ ਮਹਿਸੂਸਦੀ ਨਾ...ਹੇ।"[9]

"ਬਲਵੀਰੋ: ਜੁਗਤੀ ਨੂੰ ਨੋਟ ਦਿੰਦੀ ਲੈ।...ਬਹੁਤ ਨੇ ਕਿ...?"[10]

**ਅਧੂਰੇ-ਵਾਰਤਾਲਾਪ:-**

ਨਾਟਕਕਾਰ ਨੇ ਭਾਸ਼ਾ ਦੀ ਵਾਕ ਬਣਤਰ ਤੋਂ ਅਧੂਰੇ ਵਾਕ ਵੀ ਨਾਟਕੀ ਸੰਚਾਰ ਵਜੋਂ ਵਰਤੇ ਹਨ। ਭਾਵੇਂ ਨਾਟਕਾਂ ਦੇ ਵਾਰਤਾਲਾਪ ਨਾਟਕੀ ਸੰਚਾਰ ਪੱਖੋਂ ਅਧੂਰੇ ਹਨ, ਪਰ ਨਾਟਕੀ ਸੰਚਾਰ ਦੇ ਪੱਖ ਤੋਂ ਇਹਨਾਂ ਦੇ ਅਰਥ ਸੰਪੂਰਨ ਹਨ।

*"ਨਾਟਕਕਾਰ ਨੇ ਜਾਣ ਬੁੱਝਕੇ ਕੁਝ ਵਾਕ ਅਧੂਰੇ ਹੀ ਰੱਖੇ ਹੁੰਦੇ ਹਨ। ਯੂਨਾਨੀ ਨਾਟਕਾਂ, ਸੰਸਕ੍ਰਿਤ ਨਾਟਕਾਂ ਤੇ ਸ਼ੈਕਸਪੀਅਰ ਦੇ ਨਾਟਕਾਂ ਵਿੱਚ ਸਾਨੂੰ ਅਧੂਰੇ ਵਾਕ ਲੱਭ ਜਾਂਦੇ ਹਨ।"*[11]

*""ਭੰਤੀ: ਉਸੇ ਤਰ੍ਹਾਂ ਨਹੀਂ 'ਮੁਫ਼ਤ ਦੀ' ਐ। ਰੁੰਗੇ 'ਚ ਮਿਲੀ ਐ...।"*[12]

*"ਦਰਸ਼ਨ: ਬੱਚਿਆਂ ਵਾਲੀ ਹੈਰਾਨੀ ਵਿੱਚ ਇੰਦਰਪੁਰੀ ਚੋਂ ? ਹੀਂ-ਹੀਂ-ਹੀਂ..."*[13]

*"ਗੰਗਾ: ਹਾਂ। ਫ਼ਰਿਆਦੀ ਵਾਂਗ ਪੈਂਤੀ! ਤੂੰ ਮੈਨੂੰ ਇੱਥੋਂ ਕਿਤੇ ਅੱਗੇ ਤੋਂ ਨਾਹੀ...?"*[14]

**ਮਨਬਚਨੀ (ਮਨੋਬਚਨੀ) ਜੁਗਤ:-**

ਮਨਬਚਨੀ ਇਕ ਅਜਿਹੀ ਸੰਚਾਰ-ਜੁਗਤ ਹੈ ਜਿਸ ਰਾਹੀਂ ਦਰਸ਼ਕ ਪਾਤਰ ਦੇ ਅੰਤਰਮਨ ਨੂੰ ਸਮਝਣ ਦੀ ਸਮਰੱਥਾ ਹਾਸਲ ਕਰਦਾ ਹੈ। ਪਾਤਰ ਦੇ ਮਨੋਭਾਵਾਂ ਨੂੰ ਉੱਚੀ ਆਵਾਜ਼ ਵਿੱਚ ਪਾਤਰ ਦੇ ਮੂੰਹੋਂ ਬੁਲਾਉਣ ਦੀ ਵਿਧੀ ਮਨਬਚਨੀ ਜੁਗਤ ਅਖਵਾਉਂਦੀ ਹੈ। ਅਧੂਰੀਆਂ ਇੱਛਾਵਾਂ, ਮਾਨਸਿਕ ਦੁਬਿਧਾ ਅਤੇ ਅਤ੍ਰਿਪਤ ਜਜ਼ਬਿਆਂ ਨੂੰ ਪਰਗਟ ਕਰਨ ਵੇਲੇ ਨਾਟਕ ਵਿੱਚ ਪਾਤਰ ਆਪਣੇ ਆਪ ਨਾਲ ਗੱਲਾਂ ਕਰਦਾ ਹੈ। ਸੰਸਕ੍ਰਿਤ ਨਾਟਕਕਾਰ ਕਾਲੀਦਾਸ ਨੇ ਆਪਣੇ ਨਾਟਕ ਸ਼ਕੁੰਤਲਾ ਨਾਟਕ ਦੇ ਪਾਤਰਾਂ ਦੇ ਭਾਵਾਂ ਨੂੰ ਪ੍ਰਗਟਾਉਣ ਲਈ ਇਸ ਜੁਗਤ ਦਾ ਪ੍ਰਯੋਗ ਕੀਤਾ ਹੈ।

ਨਾਟਕਕਾਰ ਨੇ ਮਨਬਚਨੀ ਜੁਗਤ ਦਾ ਪ੍ਰਯੋਗ ਬਲਵੀਰੋ ਤੇ ਜੱਗਾ-ਜੁਗਤੀ ਦੇ ਮਾਨਸਿਕ ਭਾਵਾਂ ਨੂੰ ਉਜਾਗਰ ਕਰਨ ਲਈ ਕੀਤਾ ਹੈ।

*"ਬਲਵੀਰੋ: ਮਨਬਚਨੀ ਉਂ ਬਲਵੀਰੋ ਬੰਦੀਏ ! ਜੇ ਐਂਇੰ ਹੋ ਜੇ, ਕੋਈ ਮਾੜੀ ਤਾਂ ਨੀ ਗੱਲ? ਨਾਲੇ ਭੰਤੀ ਹੈ ਵੀ ਲੱਤ ਥੱਲੇ... ਖ਼ੈਰ, ਅੱਜ ਈ ਕਰਦੀ ਐਂ ਦਰਸ਼ਨ ਦੇ ਬਾਪੂ ਨਾਲ ਗੱਲ।"*[15]

*"ਜੱਗਾ-ਜੁਗਨੀ: ਮਨਬਚਨੀ ਸੱਚ-ਮੁਚ ਬਲਵੀਰ ਕੁਰ ਝੂਠ ਨੀ ਸੀ ਆਖਦੀ। ਰੂਪ ਆਲੀਆਂ ਤਾਂ ਸਾਲੀ ਬਿਹਾਰਨ ਚੋਂ ਲਪਟਾਂ ਮਾਰਦੀਐ। ਮੁੱਲ ਦੀ ਤੀਵੀਂ ਐਨੀ ਸੋਹਣੀ! ਯਕੀਨ ਨੀ ਆਉਂਦਾ!"*[16]

**ਭਾਸ਼ਾਈ ਪ੍ਰਵਚਨ ਉਸਾਰਨ ਦੀਆਂ ਜੁਗਤਾਂ:-**

ਲਿਖਤ ਨਾਟਕ ਨਾਟਕਕਾਰ ਵੱਲੋਂ ਲਿਖੀ ਸ਼ਾਬਦਿਕ ਟੈਕਸਟ (text) ਹੁੰਦੀ ਹੈ। ਨਾਟਕ ਵਿਚ ਭਾਸ਼ਾ ਦਾ ਪ੍ਰਯੋਗ ਯਥਾਰਥ ਦੇ ਪ੍ਰਤੀਬਿੰਬਨ ਅਤੇ ਸੰਚਾਰ ਮਾਧਿਅਮ ਵਜੋਂ ਸ਼ਬਦ / ਧੁਨੀਆਂ ਦੇ ਰੂਪ ਵਿਚ ਕੀਤਾ ਜਾਂਦਾ ਹੈ। ਨਾਟਕ ਦੇ ਭਾਸ਼ਾਈ ਸੰਚਾਰ ਦਾ ਮੂਲ ਆਧਾਰ ਲਿਖਤ-ਪਾਠ ਹੁੰਦਾ ਹੈ। ਵਾਰਤਾਲਾਪ ਦਾ ਪ੍ਰਕਾਰਜ ਨਾਟਕ ਦੇ ਕਥਾਨਕ ਨੂੰ ਇਕ ਲੜੀ ਵਿਚ ਬੰਨ੍ਹਣਾ, ਨਾਟਕੀ ਘਟਨਾਵਾਂ ਨੂੰ ਜੋੜਨਾ ਅਤੇ ਨਾਟਕੀ ਕਥਾ ਨੂੰ ਗਤੀਮਾਨ ਕਰਨ ਅਤੇ ਨਾਟਕ ਦੇ ਪ੍ਰਮੁੱਖ ਗੁਣ ਤਣਾਉ ਜਾਂ ਟੱਕਰ ਨੂੰ ਜਨਮ ਦੇਣ ਵਿਚ ਅਹਿਮ ਹੁੰਦਾ ਹੈ। ਸਾਹਿਤ ਵਿਚ ਭਾਸ਼ਾ ਦੇ ਸ਼ਬਦਾਂ ਨੂੰ ਤਿੰਨ ਰੂਪਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ।

1. *ਪੜ੍ਹਨਯੋਗ ਸ਼ਬਦ -------------- ਪਾਠ (ਸਾਹਿਤ)*
2. *ਗਾਉਣਯੋਗ ਸ਼ਬਦ --------------ਗੀਤ*
3. *ਖੇਡਣਯੋਗ ਸ਼ਬਦ ---------------ਖੇਡ-ਪਾਠ (ਨਾਟਕ)*

**ਉਪਭਾਸ਼ਾ ਦੀ ਜੁਗਤ:-** ਉਪਭਾਸ਼ਾ ਤੋਂ ਭਾਵ ਕਿਸੇ ਖ਼ਿੱਤੇ ਦੀ ਭਾਸ਼ਾ ਦੇ ਵਿਸ਼ੇਸ਼ ਇਲਾਕੇ ਦੇ ਭਾਸ਼ਾਈ ਉਚਾਰ ਤੇ ਸ਼ਬਦ ਵਖਰੇਵਿਆਂ ਤੋਂ ਹੈ। ਨਾਟਕ ਦੀ ਰਚਨਾਕਾਰੀ ਵਿੱਚ ਉਪਭਾਸ਼ਾਈ ਭਾਸ਼ਾ ਦਾ ਅਹਿਮ ਰੋਲ ਹੈ ਕਿਉਂਕਿ ਕਿਸੇ ਵੀ ਪਾਤਰ ਦੀ ਚਰਿੱਤਰ ਉਸਾਰੀ ਲਈ ਉਪਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਉਪਭਾਸ਼ਾ ਇੱਕ ਅਜਿਹੀ ਜੁਗਤ ਹੈ ਜਿਹੜੀ ਸਥਾਨਕ ਖੇਤਰਾਂ ਦੀ ਉਚਾਰਨ ਤਕਨੀਕ ਤੇ ਸੁਰ ਨੂੰ ਸਮਝਣ ਦਾ ਥੰਮ੍ਹ ਬਣਦੀ ਹੈ।'ਝਨਾਂ ਦੇ ਪਾਣੀ' ਨਾਟਕ ਵਿੱਚ ਨਾਟਕਕਾਰ ਦੁਆਰਾ ਪੇਂਡੂ ਠੇਠ ਮਲਵਈ ਉਪਭਾਸ਼ਾ ਦਾ ਪ੍ਰਯੋਗ ਕੀਤਾ ਹੈ।

*"ਭੰਤੀ: ਕੁਸ਼ ਨੀ। ਜਿਹੜੀ ਪੁਰਾਣੀ ਟੂਪ ਹੁੰਦੀ ਐ ਨਾ ਸੈਕਲ ਜਾਂ ਟਰੱਕ ਦੀ ਹਰਬੰਸ ਕੁਰੇ। ਉਹਦੀ ਫੂਕ ਨਿਕਲਣ ਦਾ ਡਰ ਰਹਿੰਦੈ।"*[17]

**ਅਪਭਾਸ਼ਾ ਦੀ ਜੁਗਤ:-** ਇਸ ਭਾਸ਼ਾਈ ਉਚਾਰ ਲਈ ਆਪੱਤੀਜਨਕ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਭਾਵ ਉਹ ਸ਼ਬਦ ਜਿਸ ਵਿੱਚ ਗਾਲ੍ਹਾਂ ਆਦਿ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਅਜਿਹੀ ਭਾਸ਼ਾ ਨੂੰ ਸਭਿਅਕ ਭਾਸ਼ਾ ਨਹੀਂ ਗਿਣਿਆਂ ਜਾਂਦਾ। ਔਲਖ ਨੇ ਝਨਾਂ ਦੇ ਪਾਣੀ ਨਾਟਕ ਵਿੱਚ ਗਾਲ੍ਹਾਂ ਕਢਵਾਈਆਂ ਹਨ ਜੋ ਅਸ਼ਲੀਲਤਾ ਦਾ ਪ੍ਰਤੀਕ ਨਹੀਂ, ਸਗੋਂ ਮੌਕੇ ਮੁਤਾਬਕ ਢੁਕਵਾਂ ਪ੍ਰਭਾਵ ਪਾਉਂਦੀਆਂ ਹਨ। ਨਾਟਕਕਾਰ ਨੇ ਅਜਿਹੀ ਜੁਗਤ ਦਾ ਪ੍ਰਯੋਗ ਕੀਤਾ ਹੈ। ਜਿਵੇਂ-

*"ਓਇ ਹੁਣ ਉਜੜਿਆ ਕਿਹੜੇ ਪਾਸੇ ਐਂ?"*[18]

*"ਜੱਗਾ-ਜੁਗਤੀ: ਮੇਰੇ ਬਾਰੇ ਦੱਸਿਆ ਨੀ ਤੈਨੂੰ ਲੰਗੜਦੀਨ ਨੇ?"*[19]

**ਨਾਟ-ਸ਼ੈਲੀ ਦੀ ਵਰਤੋਂ ਦੀ ਜੁਗਤ:-** ਨਾਟਕ ਦਾ ਵਿਸ਼ਾ ਤਕਨੀਕ ਨਾਲ ਸੰਬੰਧਿਤ ਹੈ। ਨਾਟ-ਵਸਤੂ ਪੱਛਮੀ ਨਾਟ-ਸ਼ੈਲੀਆਂ, ਭਾਰਤੀ ਨਾਟ-ਸ਼ੈਲੀਆਂ, ਲੋਕ ਨਾਟ-ਸ਼ੈਲੀਆਂ ਨੂੰ ਸ਼ਾਮਲ ਕਰਕੇ ਵਿਸ਼ੇ ਨੂੰ ਖੋਜਣ ਦਾ ਯਤਨ ਕੀਤਾ ਹੈ। ਭਾਰਤੀ ਨਾਟ-ਸ਼ੈਲੀ ਨਾਟਕਕਾਰ ਨਾਟਕ ਦੇ ਵਿਸ਼ੇ ਦੇ ਸਹਿਜ ਨਿਭਾਅ ਲਈ ਢੁਕਵੀਂ ਨਾਟ-ਸ਼ੈਲੀ ਅਧੀਨ ਹੀ ਨਾਟ-ਰਚਨਾ ਕਰਦਾ ਹੈ, ਪ੍ਰੰਤੂ ਇਹ ਲਾਜ਼ਮੀ ਨਹੀਂ ਹੁੰਦਾ ਕਿ ਸਾਰਾ ਨਾਟਕ ਇਕ ਹੀ ਨਾਟ-ਸ਼ੈਲੀ ਵਿਚ ਲਿਖਿਆ ਜਾਵੇ। ਕਈ ਵਾਰ ਨਾਟਕਕਾਰ ਇਕ ਤੋਂ ਵੱਧ ਨਾਟ-ਸ਼ੈਲੀਆਂ ਨੂੰ ਵੀ ਆਧਾਰ ਬਣਾ ਸਕਦਾ ਹੈ। ਇੰਝ ਨਾਟਕਕਾਰ ਨਾਟ-ਸ਼ੈਲੀ ਦੀ ਵਰਤੋਂ ਨੂੰ ਵੀ ਇਕ ਨਾਟ-ਜੁਗਤ ਵਜੋਂ ਵਰਤਦਾ ਹੈ। ਝਨਾਂ ਦੇ ਪਾਣੀ ਨਾਟਕ ਵਿੱਚ ਯਥਾਰਥਵਾਦੀ ਨਾਟ-ਸ਼ੈਲੀ ਦੇ ਅੰਸ਼ ਨਜ਼ਰ ਆਉਂਦੇ ਹਨ।

**ਯਥਾਰਥਵਾਦੀ ਨਾਟ-ਸ਼ੈਲੀ:** *"ਯਥਾਰਥਵਾਦੀ ਨਾਟ-ਸ਼ੈਲੀ ਦਾ ਅਰਥ ਨਾਟਕ ਦੀ ਪੇਸ਼ਕਾਰੀ ਦੀ ਉਸ ਸ਼ੈਲੀ ਤੋਂ ਹੈ ਜੋ ਰੰਗਮੰਚ ਤੇ ਜੀਵਨ ਯਥਾਰਥ ਦੀ ਅਸਲੀਅਤ ਨੂੰ ਸਿਰਜਦੀ ਹੈ। ਇਸ ਦੌਰਾਨ ਮੰਚੀ ਪੇਸ਼ਕਾਰੀ ਨੂੰ ਜ਼ਿੰਦਗੀ ਦੇ ਬਰਾਬਰ ਬਣਾ ਕੇ ਪੇਸ਼ ਕੀਤਾ ਜਾਂਦਾ ਹੈ।"*[20]

*"ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਰਾਹੀਂ ਪਹਿਲੀ ਵਾਰ ਮਾਲਵੇ ਦੀ ਨਿਮਨ ਕਿਸਾਨੀ ਨੂੰ ਆਪਣੇ ਨਾਟਕਾਂ ਵਿੱਚ ਸ਼ਿੱਦਤ ਨਾਲ ਪੇਸ਼ ਕੀਤਾ ਹੈ।"*[21]

ਉਪਰੋਕਤ ਵਿਚਾਰਾਂ ਨੂੰ ਸਮੇਟਦਿਆਂ ਅਸੀਂ ਕਹਿ ਸਕਦੇ ਹਾਂ, ਕਿ ਅਜਮੇਰ ਔਲਖ ਦੇ ਨਾਟਕਾਂ ਵਿੱਚ ਵਿਭਿੰਨ ਆਰਥਿਕ- ਸਮਾਜਿਕ, ਪਰਿਵਾਰਕ ਪਾਸਾਰ ਰੂਪਮਾਨ ਹੁੰਦੇ ਦਿਖਾਈ ਦਿੰਦੇ ਹਨ। ਇਹਨਾਂ ਬਹੁਪੱਖੀ ਨਾਟਕੀ ਪਾਸਾਰਾਂ ਨੂੰ ਨਾਟ-ਜੁਗਤਾਂ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਔਲਖ ਨੇ ਨਿਮਨ ਕਿਸਾਨੀ ਦੇ ਦੁਖਾਂਤ ਨੂੰ ਧੁਰ ਅੰਦਰੋਂ ਲੱਭਣ ਦਾ ਯਤਨ ਕੀਤਾ ਹੈ। ਮਾੜੀ ਆਰਥਿਕਤਾ ਦਾ ਸੰਤਾਪ ਨਿਮਨ ਕਿਸਾਨ ਭੋਗ ਰਿਹਾ ਹੈ। ਜੱਟ ਹੋਣ ਦੇ ਬਾਵਜੂਦ ਵੀ ਬਹੁਤੇ ਕਿਸਾਨ ਬੇਜ਼ਮੀਨੇ ਹਨ। ਉਹ ਨਿਮਨ ਕਿਸਾਨੀ ਜੀਵਨ ਨੂੰ ਪ੍ਰਮਾਣਿਕ ਰੂਪ ਵਿੱਚ ਚਿਤਰਨ ਵਾਲਾ ਸਿਰਕੱਢ ਨਾਟਕਕਾਰ ਹੈ, ਜਿਸ ਨੇ ਨਿਮਨ ਕਿਸਾਨੀ ਦਾ ਸੇਕ ਆਪਣੇ ਨੰਗੇ ਪਿੰਡੇ 'ਤੇ ਖ਼ੁਦ ਹੰਢਾਇਆ ਹੈ।

## ਹਵਾਲੇ ਅਤੇ ਟਿੱਪਣੀਆਂ


1. Oxford English Reference Dictionary, Second edition revised, 2002, P: 1480.
2. Marjorie Boulton, The Anatomy of Drama, Routledge Kegan Paul Ltd., London, 1968, P: 43.

3. ਉਮਾ ਸੇਠੀ ਸੰਪਾ.,ਪੰਜਾਬੀ ਨਾਟਕ : ਆਲੋਚਨਾ ਸ਼ਬਦਾਵਲੀ ਕੋਸ਼, ਪਬਲੀਕੇਸ਼ਨ ਬਿਊਰੋ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 2015,, ਪੰਨੇ: 283-284.
4. ਅਜਮੇਰ ਸਿੰਘ ਔਲਖ, ਝਨਾਂ ਦੇ ਪਾਣੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2023, ਪੰਨਾ: 19.
5. -ਉਹੀ-, ਪੰਨਾ: 20.
6. -ਉਹੀ-, ਪੰਨਾ: 18.
7. -ਉਹੀ-, ਪੰਨਾ: 27.
8. -ਉਹੀ-, ਪੰਨਾ: 80.
9. -ਉਹੀ-, ਪੰਨਾ: 8.
10. -ਉਹੀ-, ਪੰਨਾ: 49.
11. ਸੁਰਜੀਤ ਸਿੰਘ ਸੇਠੀ, ਨਾਟਕ ਕਲਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1985, ਪੰਨਾ: 102.
12. -ਉਹੀ-, ਪੰਨਾ: 7.
13. -ਉਹੀ-, ਪੰਨਾ: 16.
14. -ਉਹੀ-, ਪੰਨਾ: 31.
15. -ਉਹੀ-, ਪੰਨਾ: 17.
16. -ਉਹੀ-, ਪੰਨਾ: 19.
17. -ਉਹੀ-, ਪੰਨਾ: 30.
18. -ਉਹੀ-, ਪੰਨਾ: 20.
19. -ਉਹੀ-, ਪੰਨਾ: 20.
20. ਡਾ. ਨਵਦੀਪ ਕੌਰ, ਮਨਜੀਤ ਪਾਲ ਕੌਰ ਦਾ ਨਾਟ-ਜਗਤ, ਬਿਸ਼ਨ ਚੰਦ ਐਂਡ ਸੰਨਜ਼, ਦਿੱਲੀ, 2007, ਪੰਨਾ: 78.
21. ਸਤੀਸ਼ ਕੁਮਾਰ ਵਰਮਾ, ਨਾਟਕਕਾਰਾਂ ਨਾਲ ਸੰਵਾਦ, ਪੰਜਾਬੀ ਸਾਹਿਤ ਅਕਾਦਮੀ, ਚੰਡੀਗੜ੍ਹ, 1997, ਪੰਨਾ: 226.


## *Cite this Article-*


*ਪ੍ਰੋ. ਰਾਜਵਿੰਦਰ ਕੌਰ (Rajwinder Kaur), 'ਝਨਾਂ ਦੇ ਪਾਣੀ' ਨਾਟਕ ਦੀਆਂ ਨਾਟ-ਜੁਗਤਾਂ ('Jhanan De Paani' Natak Dian Naat-Jugtaan), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 135-139.*

*Journal URL: www.armaan.org.in*

*DOI: https://doi.org/10.64119/armaan.vol.4.issue1.25*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/